StartingBlocks.gov.au

# ਬਾਲ ਸੰਭਾਲ ਵਿੱਚ ਬੱਚਿਆਂ ਦੇ ਸਕਾਰਾਤਮਕ ਵਤੀਰੇ ਦਾ ਵਿਕਾਸ

**ਕੁੱਝ ਛੋਟੇ ਬੱਚਿਆਂ ਲਈ ਭਾਵਨਾਵਾਂ ਅਤੇ ਪ੍ਰਤੀਕਿਰਿਆਵਾਂ ਦਾ ਪ੍ਰਬੰਧ ਕਰਨਾ ਚੁਣੌਤੀ ਭਰਿਆ ਹੋ ਸਕਦਾ ਹੈ। ਇਹ ਤੱਥ ਸ਼ੀਟ ਤੁਹਾਨੂੰ ਇਹ ਸਮਝਣ ਵਿੱਚ ਮਦਦ ਕਰੇਗੀ ਕਿ ਤੁਸੀਂ ਆਪਣੇ ਬੱਚੇ ਦੇ ਇਹਨਾਂ ਹੁਨਰਾਂ ਦੇ ਵਿਕਾਸ ਵਿੱਚ ਮਦਦ ਕਰਨ ਲਈ ਆਪਣੇ ਬੱਚੇ ਦੀ ਸੇਵਾ ਵਿੱਚ ਸਿੱਖਿਅਕਾਂ ਨਾਲ ਮਿਲ ਕੇ ਕਿਵੇਂ ਕੰਮ ਕਰ ਸਕਦੇ ਹੋ।**

ਹਰ ਬੱਚਾ ਵੱਖਰਾ ਹੁੰਦਾ ਹੈ, ਅਤੇ ਹਰ ਇੱਕ ਦਾ ਸੁਭਾਅ ਵੱਖਰਾ ਹੁੰਦਾ ਹੈ। ਕੁੱਝ ਬੱਚੇ ਚੁਸਤ ਹੁੰਦੇ ਹਨ, ਕੁੱਝ ਸ਼ਾਂਤ ਹੁੰਦੇ ਹਨ; ਕੁੱਝ ਬਦਲਾਵਾਂ ਦੇ ਅਨੁਸਾਰ ਅਸਾਨੀ ਨਾਲ ਢਲ ਜਾਂਦੇ ਹਨ, ਜਦਕਿ ਕੁੱਝ ਨੂੰ ਬਦਲਣਾ ਅਸਹਿਜ ਲੱਗਦਾ ਹੈ; ਕੁੱਝ ਹੋਰਾਂ ਲੋਕਾਂ ਨੂੰ ਆਪਣੀ ਇੱਛਾ ਅਤੇ ਲੋੜ ਬਾਰੇ ਸਪੱਸ਼ਟ ਸੰਕੇਤ ਦਿੰਦੇ ਹਨ, ਜਦਕਿ ਕੁੱਝ ਨੂੰ ਆਪਣੀਆਂ ਲੋੜਾਂ ਬਾਰੇ ਹੋਰ ਲੋਕਾਂ ਨੂੰ ਦੱਸਣਾ ਮੁਸ਼ਕਲ ਲੱਗਦਾ ਹੈ।

ਅਜਿਹੇ ਕਈ ਕਾਰਕ ਹਨ ਜੋ ਬੱਚਿਆਂ ਦੇ ਵਤੀਰੇ ਵਿੱਚ ਯੋਗਦਾਨ ਪਾਉਂਦੇ ਹਨ। ਪ੍ਰੋਗਰਾਮ ਅਤੇ ਨਿੱਤ-ਨੇਮ, ਉਪਕਰਣ ਅਤੇ ਸਰੋਤ, ਭੌਤਿਕ ਮਾਹੌਲ, ਬੱਚਿਆਂ ਅਤੇ ਬਾਲਗਾਂ ਵਿੱਚ ਆਪਸੀ ਤਾਲਮੇਲ, ਉਹ ਕਿਵੇਂ ਆਰਾਮ ਕਰਦੇ ਅਤੇ ਸੌਂਦੇ ਹਨ, ਪੋਸ਼ਣ ਅਤੇ ਡਾਕਟਰੀ ਸਮੱਸਿਆਵਾਂ, ਇਹ ਸਭ ਸੇਵਾ ਵਿੱਚ ਬੱਚੇ ਦੇ ਵਤੀਰੇ ਨੂੰ ਪ੍ਰਭਾਵਤ ਕਰਦੀਆਂ ਹਨ। ਜਿੱਥੇ ਘਰ ਵਿੱਚ ਪਰਿਵਾਰਕ ਮਾਹੌਲ ਵਿੱਚ ਬਦਲਾਅ ਹੁੰਦੇ ਹਨ, ਕਿਸੇ ਭੈਣ-ਭਰਾ ਦੇ ਜਨਮ ਜਾਂ ਘਰ ਬਦਲਣ ਦਾ ਵੀ ਪ੍ਰਭਾਵ ਪੈ ਸਕਦਾ ਹੈ।

ਸੇਵਾ ਅਤੇ ਘਰ ਵਿੱਚ ਵਰਤੀਆਂ ਜਾਂਦੀਆਂ ਵਤੀਰੇ ਦੀ ਸੇਧ ਦੀਆਂ ਰਣਨੀਤੀਆਂ ਵਿੱਚ ਇਕਸਾਰਤਾ ਬੱਚੇ ਦੀ ਸਿਖਲਾਈ ਅਤੇ ਵਿਕਾਸ ਵਿੱਚ ਮਦਦ ਕਰਦੀਆਂ ਹਨ।

## ਹਰ ਬੱਚੇ ਦੇ ਵਤੀਰੇ ਲਈ ਸੇਧ

ਤੁਹਾਡੀ ਸੇਵਾ ਵਿੱਚਲੇ ਸਿੱਖਿਅਕ ਵੱਖ-ਵੱਖ ਉਮਰ ਵਾਲੇ ਬੱਚਿਆਂ ਨੂੰ ਵੱਖ-ਵੱਖ ਪੱਧਰ ਦੀ ਮਦਦ ਪ੍ਰਦਾਨ ਕਰਨਗੇ। ਉਦਾਹਰਣ ਲਈ, ਬਾਕੀ ਬੱਚਿਆਂ ਦੀ ਬਣਾਈ ਚੀਜ਼ ਨੂੰ ਵਾਰ-ਵਾਰ ਤੋੜ ਕੇ, ਉਹਨਾਂ ਦੀ ਖੇਡ ਵਿੱਚ ਰੁਕਾਵਟ ਪਾਂਦੇ ਹੋਏ ਅਣੁਚਿਤ ਵਤੀਰਾ ਦਿਖਾਉਣ ਵਾਲੇ ਇੱਕ ਵੱਡੇ ਬੱਚੇ ਦੀ ਤੁਲਣਾ ਵਿੱਚ, ਇੱਕ ਛੋਟਾ ਬੱਚਾ ਜੋ ਜ਼ਿਆਦਾ ਨਹੀਂ ਬੋਲਦਾ ਹੈ ਅਤੇ ਆਪਣੇ ਮਾਹੌਲ 'ਤੇ ਕੁੱਝ ਨਿਯੰਤਰਣ ਪ੍ਰਾਪਤ ਕਰਨ ਲਈ ਹੋਰਾਂ ਨੂੰ ਦੰਦੀ ਵੱਢ ਸਕਦਾ ਹੈ, ਉਸਨੂੰ ਵੱਖਰੇ ਪੱਧਰ ਦੀ ਸਮਝ ਅਤੇ ਮਦਦ ਦੀ ਲੋੜ ਹੋਵੇਗੀ।
ਹਰ ਸਥਿਤੀ ਨੂੰ ਇੱਕ 'ਸਿਖਾਏ ਜਾਣ ਵਾਲੇ ਸਮੇਂ' ਵਜੋਂ ਦੇਖਿਆ ਜਾਂਦਾ ਹੈ, ਜਿੱਥੇ ਬੱਚੇ ਸਿੱਖ ਸਕਦੇ ਹਨ, ਉਹਨਾਂ ਵਿੱਚ ਹਮਦਰਦੀ ਪੈਦਾ ਹੋ ਸਕਦੀ ਹੈ, ਉਹ ਆਪਣੇ ਵਤੀਰੇ ਅਤੇ ਕਾਰਜਾਂ ਦੇ ਨਤੀਜੇ ਸਮਝ ਸਕਦੇ ਹਨ ਅਤੇ ਚੁਣੌਤੀਪੂਰਨ ਸਥਿਤੀਆਂ 'ਤੇ ਪ੍ਰਤੀਕਿਰਿਆ ਕਰਨ ਲਈ ਆਪਣੀ



ਰਣਨੀਤੀਆਂ ਬਣਾ ਸਕਦੇ ਹਨ। ਹਰ ਬੱਚੇ ਵਿੱਚ ਲਚਕੀਲੇਪਣ, ਗੱਲਬਾਤ ਅਤੇ ਸਮੱਸਿਆ ਦੇ ਹੱਲ ਕਰਨ ਦੇ ਉਮਰ ਭਰ ਦੇ ਹੁਨਰ ਸਿੱਖਣ ਅਤੇ ਵਿਕਸਤ ਕਰਨ ਦੀ ਸਮਰੱਥਾ ਹੁੰਦੀ ਹੈ, ਉਹਨਾਂ ਨੂੰ ਬਾਲ ਸੇਵਾ ਵਿੱਚ ਰਹਿੰਦੇ ਹੋਏ ਸਿਖਿਅਕਾਂ ਅਤੇ ਦੂਸਰੇ ਬੱਚਿਆਂ ਨਾਲ ਸਕਾਰਾਤਮਕ ਸਬੰਧਾਂ ਦੁਆਰਾ ਮਦਦ ਪ੍ਰਾਪਤ ਹੁੰਦੀ ਹੈ।
ਬੱਚਿਆਂ ਨਾਲ ਸਕਾਰਾਤਮਕ ਸਬੰਧਾਂ ਵਿਕਸਤ ਕਰਨਾ ਸਭ ਤੋਂ ਸ਼ਕਤੀਸ਼ਾਲੀ ਢੰਗ ਹੈ, ਜੋ ਸਿਖਿਅਕ ਬੱਚਿਆਂ ਦੇ ਵਤੀਰੇ ਨੂੰ ਸੇਧਣ ਲਈ ਵਰਤਦੇ ਹਨ। ਰੋਜ਼ਾਨਾ ਦੀ ਗੱਲਾਂ-ਬਾਤਾਂ ਬੱਚਿਆਂ ਦੇ ਸਵੈ-ਮਾਣ, ਸਕਾਰਾਤਮਕ ਰਵੱਈਏ, ਸੰਸਕਾਰਾਂ ਅਤੇ ਵਤੀਰੇ ਦੇ ਨਮੂਨੇ ਵਿਕਸਤ ਕਰਨ ਦੀ ਨੀਂਹ ਰੱਖਦੇ ਹਨ।
ਆਪਣੀ ਸੇਵਾ ਵਿੱਚ ਤੁਹਾਨੂੰ ਸਿਖਿਅਕਾਂ ਨਾਲ ਮੁਲਾਕਾਤ ਕਰਨੀ ਚਾਹੀਦੀ ਹੈ:

- ਬੱਚਿਆਂ ਅਤੇ ਪਰਿਵਾਰਾਂ ਨਾਲ ਆਪਣੀ ਗੱਲਬਾਤਾਂ ਵਿੱਚ [ਆਰੰਭਿਕ ਬਚਪਨ ਦਾ ਆਸਟਰੇਲੀਆ ਦਾ ਨੈਤਿਕਤਾ ਕੋਡ ਦਰਸਾਉਣਾ (Early Childhood Australia's Code of Ethics)]।
- ਬੱਚਿਆਂ ਨੂੰ ਉਨ੍ਹਾਂ ਦੇ ਵਤੀਰੇ ਬਾਰੇ ਸੂਚਿਤ ਫੈਸਲੇ ਕਰਨ ਲਈ ਰਣਨੀਤੀਆਂ ਪ੍ਰਦਾਨ ਕਰਨਾ
- ਬੱਚਿਆਂ ਦੀਆਂ ਚਿੰਤਾਵਾਂ ਵੱਲ ਧਿਆਨ ਦੇਣਾ ਅਤੇ ਸੁਣਨਾ ਅਤੇ ਸ਼ਾਮਲ ਕਰਨ ਅਤੇ ਬਾਹਰ ਕਰਨ, ਅਤੇ ਅਣੁਚਿਤ ਵਤੀਰੇ ਦੇ ਮੁੱਦਿਆਂ 'ਤੇ ਵੱਖ-ਵੱਖ ਦ੍ਰਿਸ਼ਟੀਕੋਣਾਂ ਬਾਰੇ ਵਿਚਾਰ ਵਟਾਂਦਰਾ ਕਰਨਾ
- ਸਰੋਤਾਂ ਨਾਲ ਢੁਕਵੇਂ ਤੌਰ 'ਤੇ ਲੈਸ ਅਤੇ ਹਰ ਕਿਸੇ ਲਈ, ਛੋਟੀ ਅਤੇ ਵੱਡੀ ਸਮੂਹਕ ਗਤੀਵਿਧੀਆਂ ਦੀ ਸਹੂਲਤ ਲਈ ਖੇਡ ਦਾ ਮਾਹੌਲ ਤਿਆਰ ਕਰਨਾ



- ਇਕਸਾਰ ਅਤੇ ਨਿਰਪੱਖ ਹੋਣਾ ਕਿਉਂਕਿ ਉਹ ਸਕਾਰਾਤਮਕ ਤੌਰ ‘ਤੇ ਹਰ ਬੱਚੇ ਦੇ ਵਤੀਰੇ ਦੀ ਸੇਧ ਕਰਦੇ ਹਨ
- ਉਹਨਾਂ ਦੇ ਆਪਣੇ ਵਤੀਰੇ ਨੂੰ ਨਿਯੰਤਰਣ ਵਿੱਚ ਰੱਖ ਕੇ, ਅਤੇ ਬੱਚਿਆਂ, ਪਰਿਵਾਰਾਂ ਅਤੇ ਸਹਿਕਰਮੀਆਂ ਨਾਲ ਉਨ੍ਹਾਂ ਦੇ ਆਪਸੀ ਸਬੰਧਾਂ ਨੂੰ ਸਕਾਰਾਤਮਕ ਤੌਰ ‘ਤੇ ਵਿਵਸਥਿਤ ਕਰਕੇ ਇੱਕ ਮਿਸਾਲ ਕਾਇਮ ਕਰਨਾ
- ਬੱਚਿਆਂ ਨੂੰ ਖੇਡਣ ਲਈ ਇੰਝ ਸਪੱਸ਼ਟ ਉਮੀਦਾਂ ਅਤੇ ਹਦਾਇਤਾਂ ਪ੍ਰਦਾਨ ਕਰਨਾ, ਕਿ ਹਰ ਬੱਚਾ ਸਮਝ ਸਕੇ
- ਖੇਡਣ ਅਤੇ ਨਿੱਤ-ਨੇਮ ਦੀਆਂ ਗਤੀਵਿਧੀਆਂ (ਜਿਵੇਂ ਕਿ ਭੋਜਨ ਖਾਣ) ਦੌਰਾਨ ਸ਼ੋਰ-ਸ਼ਰਾਬੇ ਦੀ ਵਿਵਸਥਾ ਕਰਨਾ, ਤਾਂ ਜੋ ਹਰ ਬੱਚੇ ਦੇ ਖੇਡਣ, ਖਾਣ ਅਤੇ ਸੌਣ ਜਾਂ ਆਰਾਮ ਸਬੰਧੀ ਲੋੜਾਂ ਨੂੰ ਪੂਰਾ ਕੀਤਾ ਜਾ ਸਕੇ
- ਸੰਵੇਦਨਸ਼ੀਲਤਾ ਅਤੇ ਸਰਗਰਮੀ ਨਾਲ ਪਰਿਵਾਰਾਂ ਨੂੰ ਸੇਵਾ ਅਤੇ ਪਰਿਵਾਰ ਦੇ ਘਰ ਵਿੱਚ ਬੱਚਿਆਂ ਦੇ ਵਤੀਰੇ ਦੇ ਸਮਰਥਨ ਲਈ ਸਹਿਯੋਗੀ ਰਣਨੀਤੀਆਂ ਵਿਕਸਤ ਕਰਨ ਲਈ ਸੱਦਾ ਦੇਣਾ

ਰਾਸ਼ਟਰੀ ਕਾਨੂੰਨ ਪ੍ਰਦਾਤਿਆਂ ਅਤੇ ਸਿਖਿਅਕਾਂ ਨੂੰ ਬੱਚਿਆਂ ਨਾਲ ਗੁਣਵੱਤਾ ਭਰਪੂਰ ਗੱਲਬਾਤ ਬਾਰੇ ਸੂਚਿਤ ਕਰਦਾ ਹੈ। ਇਹਨਾਂ ਗੱਲਾਂ-ਬਾਤਾਂ ਵਿੱਚ ਹਰ ਬੱਚੇ ਦਾ ਮਾਣ ਅਤੇ ਅਧਿਕਾਰ ਕਾਇਮ ਰੱਖੇ ਜਾਣੇ ਚਾਹੀਦੇ ਹਨ, ਅਤੇ ਸਿਖਿਅਕਾਂ ਨੂੰ ਹਰ ਬੱਚੇ ਨੂੰ ਸਵੀਕਾਰਣ ਯੋਗ ਵਤੀਰੇ ਪ੍ਰਤੀ ਸਕਾਰਾਤਮਕ ਸੇਧ ਅਤੇ ਉਤਸ਼ਾਹ ਪ੍ਰਦਾਨ ਕਰਨਾ ਚਾਹੀਦਾ ਹੈ। ਇਹ ਕਦੇ ਵੀ ਸਵੀਕਾਰਯੋਗ ਨਹੀਂ ਹੁੰਦਾ ਹੈ ਕਿ ਸਿਖਿਅਕ ਜਾਂ ਕਰਮਚਾਰੀ, ਬੱਚੇ ਦੁਆਰਾ ਮਾੜਾ ਵਤੀਰਾ ਕਰਨ ‘ਤੇ ਉੱਚੀ ਆਵਾਜ਼ ਵਿੱਚ ਬੋਲਣ, ਕੁੱਟਣ, ਅਪਮਾਨਤ ਕਰਨ ਜਾਂ ਵੱਖ ਕਰ ਦੇਣ।

## ਆਪਣੇ ਬੱਚੇ ਦੇ ਸਿਖਿਅਕ ਨਾਲ ਸਹਿਯੋਗ ਵਿੱਚ ਕੰਮ ਕਰਨਾ

ਸਾਰੀ ਸੇਵਾਵਾਂ ਵਿੱਚ ਬੱਚਿਆਂ ਨਾਲ ਗੱਲਬਾਤ ਕਰਨ ਬਾਰੇ ਇੱਕ ਨੀਤੀ ਹੋਣਾ ਜ਼ਰੂਰੀ ਹੈ, ਜੋ ਇਹ ਮਾਰਗਦਰਸ਼ਨ ਕਰਦੀ ਹੈ ਕਿ ਉਹ ਬੱਚਿਆਂ ਨੂੰ ਇੱਕ ਦੂਸਰੇ ਨਾਲ ਅਤੇ ਕਰਮਚਾਰੀਆਂ ਨਾਲ ਗੱਲਬਾਤ ਕਰਨ ਅਤੇ ਸਤਿਕਾਰ ਭਰੇ ਅਤੇ ਸਕਾਰਾਤਮਕ ਸਬੰਧ ਵਿਕਸਤ ਕਰਨ ਦੇ ਮੌਕੇ ਕਿਵੇਂ ਪ੍ਰਦਾਨ ਕਰਨਗੇ। ਇਹ ਨੀਤੀ ਤੁਹਾਡੇ ਲਈ ਉਪਲਬਧ ਹੋਵੇਗੀ ਅਤੇ ਤੁਹਾਡੇ ਦੁਆਰਾ ਆਪਣੇ ਬੱਚੇ ਦੇ ਵਤੀਰੇ ਨੂੰ ਵਿਕਸਤ ਕਰਨ ਲਈ ਸਿਖਿਅਕਾਂ ਨਾਲ ਮਿਲਕੇ ਕੰਮ ਕਰਨ ਦਾ ਇੱਕ ਵਧੀਆ ਆਰੰਭਿਕ ਢੰਗ ਹੈ। ਆਪਣੇ ਬੱਚੇ ਦੇ ਸਿਖਿਅਕ ਨਾਲ ਸਹਿਯੋਗ ਤੁਹਾਨੂੰ ਇਹ ਦਿੰਦਾ ਹੈ:

- ਸਹਿਯੋਗ ਜੇ ਤੁਹਾਨੂੰ ਆਪਣੇ ਬੱਚੇ ਦੇ ਵਤੀਰੇ ਵਿੱਚ ਸੁਧਾਰ ਕਰਨ ਵਿੱਚ ਪਰੇਸ਼ਾਨੀ ਹੁੰਦੀ ਹੈ
- ਸੇਵਾ ਵਿੱਚ ਉਮੀਦ ਕੀਤੇ ਜਾਂਦੇ ਵਤੀਰੇ ਬਾਰੇ ਚਰਚਾ ਕਰਨ ਦਾ ਮੌਕਾ ਅਤੇ ਦੁਰਵਿਵਹਾਰਾਂ ਦਾ ਹੱਲ ਕਿਵੇਂ ਕੀਤਾ ਜਾ ਸਕਦਾ ਹੈ
- ਉਨ੍ਹਾਂ ਰਣਨੀਤੀਆਂ ਬਾਰੇ ਚਰਚਾ ਕਰਨ ਦਾ ਮੌਕਾ ਜਿਹਨਾਂ ਦੀ ਵਰਤੋਂ ਸਿਖਿਅਕਾਂ ਦੁਆਰਾ ਵਰਤਮਾਨ ਵਿੱਚ ਜਾਰੀ ਦੁਰਵਿਵਹਾਰ ‘ਤੇ ਕਾਰਵਾਈ ਕਰਨ ਲਈ ਕੀਤੀ ਜਾਵੇਗੀ, ਜੋ ਕਿ ਬੱਚੇ ਦੇ ਇੱਕ ਸਮੂਹ ਦੇ ਸਰਗਰਮ ਮੈਂਬਰ ਬਣਨ ਦੇ ਮੌਕੇ ਵਿੱਚ ਰੁਕਾਵਟ ਪਾਉਂਦਾ ਹੈ

ਇਹ ਯਕੀਨੀ ਬਣਾਉਣਾ ਵੀ ਜ਼ਰੂਰੀ ਹੈ, ਕਿ ਸਾਰੇ ਬੱਚਿਆਂ ਨਾਲ ਉਚਿਤ ਵਤੀਰਾ ਕੀਤਾ ਜਾਵੇ, ਅਤੇ ਉਹਨਾਂ ਨੂੰ ਆਪਣੇ ਸਮੱਸਿਆ ਹੱਲ ਕਰਨ ਅਤੇ ਗੱਲਬਾਤ ਕਰਨ ਦੇ ਹੁਨਰ ਵਿਕਸਤ ਕਰਨ ਅਤੇ ਅਭਿਆਸ ਕਰਨ ਅਤੇ ਉਹਨਾਂ ਦੇ ਸਾਥੀਆਂ ਨਾਲ ਸਕਾਰਾਤਮਕ ਤੌਰ ‘ਤੇ ਗੱਲਬਾਤ ਕਰਨ ਵਿੱਚ ਮਦਦ ਪ੍ਰਾਪਤ ਹੋਵੇ।

ਬੱਚਿਆਂ ਦੇ ਵਤੀਰੇ ਨੂੰ ਪ੍ਰਬੰਧਤ ਕਰਨ ਦੇ ਢੰਗ ਬਾਰੇ ਪਰਿਵਾਰਾਂ ਅਤੇ ਸਿਖਿਅਕਾਂ ਵਿੱਚ ਸਾਂਝੀ ਸਮਝ ਵਿਕਸਤ ਕਰਨਾ ਜ਼ਰੂਰੀ ਹੈ। ਇਹ ਸੇਵਾ ਅਤੇ ਘਰ ਵਿੱਚ ਵਰਤੀ ਜਾਣ ਵਾਲੀ ਵਤੀਰੇ ਸਬੰਧੀ ਸੇਧਾਂ ਵਿੱਚ ਇਕ ਸਮਾਨਤਾ ਪੈਦਾ ਕਰਨ ਵਿੱਚ ਮਦਦ ਕਰਦੀ ਹੈ, ਬੱਚੇ ਦੀ ਸਿਖਲਾਈ ਅਤੇ ਵਿਕਾਸ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਂਦੀ ਹੈ। ਬੱਚਿਆਂ ਵਿੱਚ ਸਵੈ-ਨਿਯੰਤਰਣ ਦਾ ਵਿਕਾਸ ਹੋਵੇਗਾ, ਅਤੇ ਆਪਣੀ ਸਿਖਲਾਈ ਅਤੇ ਵਿਕਾਸ ਵਿੱਚ ਉਨ੍ਹਾਂ ਦੀ ਸਕਾਰਾਤਮਕ ਸ਼ਮੂਲੀਅਤ ਵਿੱਚ ਵਾਧਾ ਹੋਵੇਗਾ। ਪਰਿਵਾਰਕ ਜੀਵਨ, ਅਤੇ ਬਾਲ ਸੰਭਾਲ ਵਿੱਚ ਜੀਵਨ, ਦੋਹਾਂ ਵਿੱਚ ਸੁਧਾਰ ਹੋਵੇਗਾ, ਜਿਸ ਨਾਲ ਸਭ ਦਾ ਜੀਵਨ ਆਸਾਨ ਹੋ ਜਾਵੇਗਾ!